ਨਿਖਿਲ ਗੁਪਤਾ ਦੇ ਇਕਬਾਲੀਆ ਬਿਆਨ ਨੇ ਭਾਰਤ ਸਰਕਾਰ ਦਾ ਅਤਿਵਾਦੀ ਚਿਹਰਾ ਨੰਗਾ ਕੀਤਾ : ਵਰਲਡ ਸਿੱਖ ਪਾਰਲੀਮੈਂਟ

ਕਿਹਾ, ਮੋਦੀ ਸਰਕਾਰ ਦੀ ਸਿੱਖਾਂ ਵਿਰੁਧ 'ਅੰਤਰਰਾਸ਼ਟਰੀ ਦਮਨ' ਦੀ ਨੀਤੀ ਹੋਈ ਜਗ-ਜ਼ਾਹਰ

ਫਰੈਂਕਫਰਟ, 17 ਫ਼ਰਵਰੀ (ਸੰਦੀਪ ਸਿੰਘ ਖਾਲੜਾ): ਵਰਲਡ ਸਿੱਖ ਪਾਰਲੀਮੈਂਟ ਨੇ ਅਮਰੀਕਾ ਦੀ ਅਦਾਲਤ ਵਿਚ ਭਾਰਤੀ ਏਜੰਸੀਆਂ ਦੇ ਹੱਥ-ਠੋਕੇ ਨਿਖਿਲ ਗੁਪਤਾ ਵਲੋਂ ਰੈਫਰੈਂਡਮ ਦੀ ਮੁਹਿਮ ਚਲਾ ਰਹੇ ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਸ਼ ਰਚਣ ਦਾ ਜੁਰਮ ਕਬੂਲਣ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਨਿਖਿਲ ਗੁਪਤਾ ਦਾ ਇਹ ਇਕਬਾਲੀਆ ਬਿਆਨ ਸਾਬਤ ਕਰਦਾ ਹੈ ਕਿ ਭਾਰਤੀ ਏਜੰਸੀਆਂ ਵਿਦੇਸ਼ੀ ਧਰਤੀ 'ਤੇ ਸਿੱਖਾਂ ਦੇ ਕਤਲਾਂ ਵਿਚ ਸ਼ਾਮਲ ਹਨ ਅਤੇ ਅਪਣੇ ਹੱਕਾਂ ਦੀ ਗੱਲ ਕਰ ਰਹੇ ਹਰ ਆਗੂਆਂ ਨੂੰ ਖ਼ਤਮ ਕਰਨ ਦੀਆਂ ਸਾਜ਼ਸ਼ਾਂ ਘੜ ਰਹੀਆਂ ਹਨ। ਵਰਲਡ ਸਿੱਖ ਪਾਰਲੀਮੈਂਟ ਦੇ ਆਗੂ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ ਆਦਿ ਨੇ ਕਿਹਾ ਕਿ ਨਿਖਿਲ ਗੁਪਤਾ ਦੇ ਇਸ ਬਿਆਨ ਨਾਲ ਭਾਰਤੀ ਖ਼ੁਫ਼ੀਆ ਏਜੰਸੀ 'ਰਾਅ', ਮੋਦੀ ਸਰਕਾਰ ਦੀ ਕੈਬਨਿਟ ਦੇ ਉੱਚ ਅਧਿਕਾਰੀਆਂ ਅਤੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵਰਗਿਆਂ ਵਲੋਂ ਚਲਾਈ ਜਾ ਰਹੀ ਸਿੱਖਾਂ ਦੇ 'ਅੰਤਰਰਾਸ਼ਟਰੀ ਦਮਨ' ਦੀ ਨੀਤੀ ਦਾ ਭਾਂਡਾ ਚੁਰਾਹੇ ਭੱਜ ਗਿਆ ਹੈ। ਵਰਲਡ ਸਿੱਖ ਪਾਰਲੀਮੈਂਟ ਦਾ ਮੰਨਣਾ ਹੈ ਕਿ ਸਿੱਖਾਂ ਉਤੇ ਹਮਲੇ ਕਰ ਕੇ ਉਨ੍ਹਾਂ ਨੂੰ ਚੁੱਪ ਕਰਾਉਣ ਦੀ ਇਹ ਕਾਰਵਾਈ ਸਿਰਫ਼ ਇਕ ਨਿਖਿਲ ਗੁਪਤਾ ਜਾਂ ਰਾਅ ਅਧਿਕਾਰੀ ਵਿਕਾਸ ਯਾਦਵ ਤਕ ਸੀਮਤ ਨਹੀਂ ਹੈ, ਬਲਕਿ ਇਸ ਪਿੱਛੇ ਭਾਰਤ ਸਰਕਾਰ ਦੀ ਉੱਚ ਲੀਡਰਸ਼ਿਪ ਦਾ ਹੱਥ ਹੈ। ਕੌਮਾਂਤਰੀ ਮੀਡੀਏ ਵਿਚ ਇਹ ਗੱਲ ਵਾਰ-ਵਾਰ ਸਾਹਮਣੇ ਆ ਚੁੱਕੀ ਹੈ ਕਿ ਵਿਦੇਸ਼ਾਂ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਪਿੱਛੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਹੇਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸੁਰੱਖਿਆ ਸਲਾਹਕਾਰ ਤੇ ਆਰ ਐਸ ਐਸ ਦੇ ਨਜ਼ਦੀਕੀ ਅਜੀਤ ਡੋਵਾਲ ਦੀ ਸਿੱਧੀ ਸ਼ਮੂਲੀਅਤ ਹੈ। ਅਮਰੀਕੀ ਜਾਂਚ ਏਜੰਸੀ ਐਫ਼.ਬੀ.ਆਈ. ਦੇ ਵਧੀਕ ਡਾਇਰੈਕਟਰ ਨੇ ਵੀ ਸਪੱਸ਼ਟ ਕੀਤਾ ਹੈ ਕਿ ਇਕ ਅਮਰੀਕੀ ਨਾਗਰਿਕ ਨੂੰ ਸਿਰਫ਼ ਅਪਣੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਵਰਤਣ ਕਰ ਕੇ ਅੰਤਰਰਾਸ਼ਟਰੀ ਦਮਨ ਦਾ ਨਿਸ਼ਾਨਾ ਬਣਾਇਆ ਗਿਆ ਹੈ। ਇਹ ਬਿਆਨ ਭਾਰਤ ਵਲੋਂ ਖ਼ਾਲਿਸਤਾਨ ਸੰਘਰਸ਼ ਨੂੰ ਬਦਨਾਮ ਕਰਨ ਲਈ ਸਿਰਜੇ ਝੂਠੇ ਬਿਰਤਾਂਤ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ। ਅਖ਼ੀਰ ਵਿਚ ਵਰਲਡ ਸਿੱਖ ਪਾਰਲੀਮੈਂਟ ਨੇ ਸਮੂਹ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਸਰਕਾਰ ਦੀ ਇਸ ਕਾਤਲ ਮੁਹਿੰਮ ਦਾ ਜਵਾਬ ਆਪਸੀ ਏਕਤਾ ਵਧਾਉਣ ਕੇ, ਖ਼ਾਲਿਸਤਾਨ ਦੀ ਅਵਾਜ਼ ਨੂੰ ਹੋਰ ਜ਼ੋਰ ਨਾਲ ਬੁਲੰਦ ਕਰ ਕੇ ਦੇਣ, ਇਹ ਹੀ ਭਾਰਤ ਸਰਕਾਰ ਦੇ ਇਸ ਜਬਰ ਦਾ ਮੂੰਹ ਤੋੜ ਜਵਾਬ ਹੋਵੇਗਾ।

ਗੱਲਬਾਤ ਕਰਦੇ ਹੋਏ ਵਰਲਡ ਸਿੱਖ ਪਾਰਲੀਮੈਂਟ ਦੇ ਆਗੂ।

ਸੋਨੀਆ ਗਾਂਧੀ ਨੇ ਮੈਨੂੰ 2014 'ਚ ਅਸਾਮ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਦੀ ਤਰੀਕ ਤੈਅ ਕਰਨ ਲਈ ਕਿਹਾ ਸੀ : ਹੇਮੰਤ

ਗੁਹਾਟੀ, 17 ਫ਼ਰਵਰੀ : ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸ਼ਰਮਾ ਨੇ ਮੰਗਲਵਾਰ ਨੂੰ ਦਾਅਵਾ ਕੀਤਾ ਕਿ 2014 ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਦੀ ਤਰੀਕ ਬਾਰੇ ਫੈਸਲਾ ਕਰਨ ਲਈ ਕਿਹਾ ਸੀ ਜਦੋਂ ਪਾਰਟੀ ਦੇ 58 ਵਿਧਾਇਕਾਂ ਨੇ ਉਨ੍ਹਾਂ ਦਾ ਸਮਰਥਨ ਕੀਤਾ ਸੀ। ਹਾਲਾਂਕਿ ਰਾਹੁਲ ਗਾਂਧੀ ਨੇ ਅਮਰੀਕਾ ਤੋਂ ਪਾਰਟੀ ਨੇਤਾਵਾਂ ਨੂੰ ਫੋਨ ਕੀਤਾ ਅਤੇ ਸਥਿਤੀ ਬਦਲ ਗਈ। ਸੂਬਾ ਵਿਧਾਨ ਸਭਾ 'ਚ ਕੈਬਨਿਟ ਦੀ ਬੈਠਕ ਤੋਂ ਬਾਅਦ ਸਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਹ ਪ੍ਰਗਟਾਵਾ ਕੀਤਾ।

2011 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਅਸਾਮ ਕਾਂਗਰਸ ਨੇ ਅਸਹਿਮਤੀ ਦਾ ਸਾਹਮਣਾ ਕੀਤਾ ਸੀ, ਜਿਸ ਵਿਚ ਵਿਧਾਇਕਾਂ ਦਾ ਇਕ ਹਿੱਸਾ ਸਰਮਾ ਨੂੰ ਮੁੱਖ ਮੰਤਰੀ ਵਜੋਂ ਸਮਰਥਨ ਦਿੰਦਾ ਸੀ। ਉਨ੍ਹਾਂ ਨੇ 2015 ਵਿਚ ਭਾਜਪਾ ਵਿਚ ਸ਼ਾਮਲ ਹੋਣ ਲਈ ਕਾਂਗਰਸ ਪਾਰਟੀ ਛੱਡ ਦਿਤੀ ਸੀ ਅਤੇ ਵਿਧਾਨ ਸਭਾ ਚੋਣਾਂ ਵਿਚ ਭਗਵਾ ਪਾਰਟੀ ਦੀ ਪਹਿਲੀ ਜਿੱਤ ਨੂੰ ਯਕੀਨੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਸਰਮਾ ਨੇ ਕਿਹਾ, "ਮੈਡਮ (ਸੋਨੀਆ ਗਾਂਧੀ), ਜਿਨ੍ਹਾਂ ਨੂੰ ਮੈਂ ਅਜੇ ਵੀ ਇਸੇ ਤਰ੍ਹਾਂ ਕਹਿੰਦੀ ਹਾਂ, ਨੇ ਮੈਨੂੰ ਤਰੀਕ ਬਾਰੇ ਫੈਸਲਾ ਕਰਨ ਲਈ ਕਿਹਾ ਸੀ ਅਤੇ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਮੈਂ ਜੂਨ (2014) ਵਿਚ ਕਾਮਾਖਿਆ ਮੰਦਰ ਵਿਚ ਅੰਬੂਬਾਚੀ ਮੇਲੇ ਤੋਂ ਅਗਲੇ ਦਿਨ ਸਹੁੰ ਚੁੱਕਾਂਗਾ।" ਉਨ੍ਹਾਂ ਕਿਹਾ ਕਿ ਹਾਲਾਂਕਿ ਰਾਹੁਲ ਗਾਂਧੀ ਦੇ ਫੋਨ ਆਉਣ ਤੋਂ ਬਾਅਦ ਸਥਿਤੀ ਬਦਲ ਗਈ। (ਏਜੰਸੀ)

ਬਿਹਾਰ ਵਿਧਾਨ ਸਭਾ 'ਚ ਉਠਿਆ ਸਿੱਖਾਂ ਨੂੰ ਘੱਟਗਿਣਤੀ ਦਰਜਾ ਦੇਣ ਦਾ ਮੁੱਦਾ

ਸਰਕਾਰ ਨੇ ਕਿਹਾ, 'ਵਿਚਾਰ ਕਰਾਂਗੇ'

ਪਟਨਾ, 17 ਫ਼ਰਵਰੀ : ਬਿਹਾਰ ਵਿਧਾਨ ਸਭਾ 'ਚ ਅੱਜ ਇਕ ਵਾਰ ਫਿਰ ਸਿੱਖ ਘੱਟ ਗਿਣਤੀਆਂ ਦੇ ਮੁੱਦੇ ਦਾ ਸਵਾਲ ਉਠਾਇਆ ਗਿਆ ਅਤੇ ਹਮੇਸ਼ਾ ਦੀ ਤਰ੍ਹਾਂ ਇਕ ਵਾਰ ਫਿਰ 'ਸਰਕਾਰ ਇਸ ਉਤੇ ਵਿਚਾਰ ਕਰੇਗੀ' ਦੇ ਜਵਾਬ ਨਾਲ ਇਹ ਇਕ ਵਾਰ ਫਿਰ ਠੰਢੇ ਬਸਤੇ 'ਚ ਚਲਾ ਗਿਆ। ਇਹ ਸਵਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਧਾਇਕ ਰਤਨੇਸ਼ ਕੁਸ਼ਵਾਹਾ ਨੇ ਉਠਾਇਆ ਅਤੇ ਇਸ ਦਾ ਜਵਾਬ ਮੰਤਰੀ ਵਿਜੇ ਕੁਮਾਰ ਚੌਧਰੀ ਨੇ ਦਿਤਾ। ਵੱਡਾ ਸਵਾਲ ਇਹ ਹੈ ਕਿ ਬਿਹਾਰ ਵਿਚ ਸਿੱਖਾਂ ਨੂੰ ਘੱਟ ਗਿਣਤੀ ਦਾ ਦਰਜਾ ਦੇਣ ਦੇ ਮਾਮਲੇ ਵਿਚ ਸਰਕਾਰ ਅੱਗੇ ਕਿਉਂ ਨਹੀਂ ਵਧ ਸਕਦੀ? ਮੁਸ਼ਕਲ ਕਿੱਥੇ ਹੈ? ਸਰਕਾਰ ਆਸਾਨੀ ਨਾਲ ਮਨਜ਼ੂਰ ਕਿਉਂ ਨਹੀਂ ਕਰ ਰਹੀ? ਵਿਧਾਨ ਸਭਾ 'ਚ ਵਿਧਾਇਕ ਰਤਨੇਸ਼ ਕੁਮਾਰ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਤੋਂ ਬਾਅਦ ਵੀ ਬਿਹਾਰ 'ਚ ਸਿੱਖ ਭਾਈਚਾਰੇ ਨੂੰ ਘੱਟ ਗਿਣਤੀ ਸਰਟੀਫਿਕੇਟ ਨਹੀਂ ਦਿਤੇ ਜਾਂਦੇ। ਸਮੱਸਿਆ ਇਹ ਹੈ ਕਿ ਬਹੁਤ ਸਾਰੀਆਂ ਥਾਵਾਂ ਅਜਿਹੀਆਂ ਹਨ ਜਿੱਥੇ ਦਸਤਾਵੇਜ਼ਾਂ ਵਿਚ ਫ਼ਾਰਮ ਭਰਨ ਦੌਰਾਨ ਸਿੱਖਾਂ ਬਾਰੇ ਕੋਈ ਬਦਲ ਨਹੀਂ ਹੁੰਦਾ। ਪਰ ਸਰਕਾਰ ਵਲੋਂ ਜਵਾਬ ਦਿੰਦੇ ਹੋਏ ਮੰਤਰੀ ਵਿਜੇ ਚੌਧਰੀ ਨੇ ਕਿਹਾ ਕਿ ਬਿਹਾਰ ਵਿਚ ਕਿਸੇ ਵੀ ਧਰਮ ਦੇ ਅਧਾਰ ਉਤੇ ਕਿਸੇ ਨੂੰ ਜਾਤੀ ਸਰਟੀਫਿਕੇਟ ਨਹੀਂ ਦਿਤਾ ਜਾਂਦਾ। ਸਰਕਾਰੀ ਸਹੂਲਤਾਂ ਲਈ ਪ੍ਰਾਪਤ ਫਾਰਮ ਵਿਚ ਵੀ ਧਰਮ ਦਾ ਨਾਮ ਨਹੀਂ ਹੈ। ਪਰ ਫਿਰ ਵੀ ਉਨ੍ਹਾਂ ਨੇ ਸਦਨ ਨੂੰ ਭਰੋਸਾ ਦਿਤਾ ਕਿ ਸਰਕਾਰ ਇਸ ਮਾਮਲੇ ਉਤੇ ਵਿਚਾਰ ਕਰੇਗੀ।

ਬਿਹਾਰ ਦੇ ਜਲ ਸਰੋਤ ਵਿਭਾਗ ਦੇ ਮੰਤਰੀ ਵਿਜੇ ਕੁਮਾਰ ਚੌਧਰੀ ਨੇ ਸੂਬਾ ਸਰਕਾਰ ਵਲੋਂ ਕਿਹਾ, "ਅਸੀਂ ਸੂਬੇ ਵਿਚ ਸਿੱਖ ਭਾਈਚਾਰੇ ਦੀਆਂ ਲੋੜਾਂ ਪ੍ਰਤੀ ਸੰਵੇਦਨਸ਼ੀਲ ਅਤੇ ਹਮਦਰਦੀ ਰਖਦੇ ਹਾਂ। ਉਨ੍ਹਾਂ ਨੂੰ ਰਾਜ ਦੇ ਘੱਟ ਗਿਣਤੀ ਕਮਿਸ਼ਨ ਵਿਚ ਜਗ੍ਹਾ ਦਿਤੀ ਜਾਂਦੀ ਹੈ। ਅਸੀਂ ਸਮੁੱਚੇ ਸਿੱਖ ਭਾਈਚਾਰੇ ਨੂੰ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਉਹ ਘੱਟ ਗਿਣਤੀ ਭਾਈਚਾਰੇ ਨੂੰ ਦਿਤੇ ਜਾਣ ਵਾਲੇ ਕਿਸੇ ਵੀ ਲਾਭ ਤੋਂ ਵਾਂਝੇ ਨਹੀਂ ਰਹਿਣਗੇ।" (ਏਜੰਸੀ)

ਬਾ.ਅਦਾਲਤ ਸ੍ਰੀ ਅਸ਼ਵਨੀ ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ) ਬਰਨਾਲਾ।
(Publication Notice Under order 5 Rule 20 CPC)
ਮਿਸਲ ਨੰਬਰ:- 01/ਤਕਸੀਮ ਰਜੂਆ:- 15/04/2025
ਤਾਰੀਖ ਪੇਸ਼ੀ:-19/02/2026
ਬਲਵੀਰ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ ਵਾ ਖੇਵਟਦਾਰ ਪਿੰਡ ਕਲਾਲਾ, ਤਹਿ. ਵਾ ਜਿਲਾ ਬਰਨਾਲਾ ਸਾਇਲਾਨ
ਬਨਾਮ
ਨਰਿੰਜਨ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਕਾਕੂ ਸਿੰਘ ਵਗੈਰਾ ਵਾਸੀਆਨ ਪਿੰਡ ਕਲਾਲਾ, ਤਹਿ ਵਾ ਜਿਲ੍ਹਾ ਬਰਨਾਲਾ ਮਸੂਲਾਨ
ਦਰਖਾਸਤ ਬਰਾਏ ਤਕਸੀਮ ਬਰਾਏ ਤਕਸੀਮ ਅਰਾਜੀ ਤੈਦਾਦੀ 52 ਕਨਾਲ 00 ਮਰਲੇ ਖੇਵਟ ਨੰਬਰ 608/566 ਖਤੌਨੀ ਨੰਬਰ 918 ਤਾ 920 ਮੁੰਦਰਜਾ ਜਮਾਂਬੰਦੀ ਸਾਲ 2019-20 ਵਾਕਾ ਰਕਬਾ ਕਲਾਲਾ, ਤਹਿਸੀਲ ਵਾ [illegible]
... 19(3)ਬਲਜਿੰਦਰ ਸਿੰਘ ਪੁੱਤਰ ਸੁਰਮੁੱਖ ਸਿੰਘ, 19(4) ਸਰਬਜੀਤ ਕੌਰ ਪੁੱਤਰੀ ਸੁਰਮੁੱਖ ਸਿੰਘ। (ਵਾਰਸ ਸੁਰਮੁੱਖ ਸਿੰਘ ਪੁੱਤਰ ਮਹਿਮਾ ਸਿੰਘ ਪੁੱਤਰ ਕਿਸ਼ਨ ਸਿੰਘ) 21) ਐਚ.ਡੀ.ਐਫ.ਸੀ ਬੈਂਕ ਬਰਾਂਚ ਸਹਿਜੜਾ ਰਾਹੀਂ ਮੈਨੇਜਰ ਮਜਕੂਰ
ਉਕਤ ਮੁਕੱਦਮਾ ਵਿੱਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉਪਰੋਕਤ ਮਸੂਲਾਨ ਦੀ ਮਾਮੂਲੀ ਤਰੀਕੇ ਨਾਲ ਸੰਮਨ ਉੱਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਇਸ ਇਸ਼ਤਿਹਾਰ ਰਾਹੀਂ ਮਸੂਲਿਅਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਇਸ ਪਬਲੀਕੇਸ਼ਨ ਦੇ ਪੰਦਰਾਂ (15) ਦਿਨਾਂ ਦੇ ਅੰਦਰ-ਅੰਦਰ ਆਪ ਖੁਦ ਜਾਂ ਵਕੀਲ ਰਾਹੀਂ ਇਸ ਅਦਾਲਤ ਵਿੱਚ ਪੇਸ਼ ਹੋਵੋ, ਨਹੀਂ ਤਾਂ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅੱਜ ਮਿਤੀ:- 30/01/2026 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ) ਬਰਨਾਲਾ

ਬਾ. ਅਦਾਲਤ ਸ੍ਰੀ ਅਸ਼ਵਨੀ ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ) ਬਰਨਾਲਾ।
(Publication Notice Under order 5 Rule 20 CPC)
ਮਿਸਲ ਨੰਬਰ:- 01/ਤਕਸੀਮ ਰਜੂਆ:-15/04/2025
ਤਾਰੀਖ ਪੇਸ਼ੀ:-19/02/2025
ਬਲਵੀਰ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ ਵਾ ਖੇਵਟਦਾਰ ਪਿੰਡ ਕਲਾਲਾ, ਤਹਿ. ਵਾ ਜਿਲਾ ਬਰਨਾਲਾ ਸਾਇਲਾਨ
ਬਨਾਮ
ਨਰਿੰਜਨ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਕਾਕੂ ਸਿੰਘ ਵਗੈਰਾ ਵਾਸੀਆਨ ਪਿੰਡ ਕਲਾਲਾ, ਤਹਿ ਵਾ ਜਿਲ੍ਹਾ ਬਰਨਾਲਾ ਮਸੂਲਾਨ
ਦਰਖਾਸਤ ਬਰਾਏ ਤਕਸੀਮ ਬਰਾਏ ਤਕਸੀਮ ਅਰਾਜੀ ਤੈਦਾਦੀ 55 ਕਨਾਲ 00 ਮਰਲੇ ਖੇਵਟ ਨੰਬਰ 610/568 ਖਤੌਨੀ ਨੰਬਰ 928 ਤਾ 930 ਮੁੰਦਰਜਾ ਜਮਾਂਬੰਦੀ ਸਾਲ 2019-20 ਵਾਕਾ ਰਕਬਾ ਕਲਾਲਾ, ਤਹਿਸੀਲ ਵਾ [illegible]
... 16) ਜਗਜੀਤ ਕੌਰ ਪਤਨੀ ਸੁਰਮੁੱਖ ਸਿੰਘ ਪੁੱਤਰ ਮਹਿਮਾ ਸਿੰਘ 17) ਪਰਮਜੀਤ ਕੌਰ ਪਤਨੀ ਗੁਰਮੁੱਖ ਸਿੰਘ ਪੁੱਤਰ ਮਹਿਮਾ ਸਿੰਘ 18) ਕੁਲਜੀਤ ਕੌਰ ਪੁੱਤਰੀ ਕਰਤਾਰ ਸਿੰਘ ਪੁੱਤਰ ਕਿਸ਼ਨ ਸਿੰਘ
ਉਕਤ ਮੁਕੱਦਮਾ ਵਿੱਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉਪਰੋਕਤ ਮਸੂਲਾਨ ਦੀ ਮਾਮੂਲੀ ਤਰੀਕੇ ਨਾਲ ਸੰਮਨ ਉੱਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਇਸ ਇਸ਼ਤਿਹਾਰ ਰਾਹੀਂ ਮਸੂਲਿਅਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਇਸ ਪਬਲੀਕੇਸ਼ਨ ਦੇ ਪੰਦਰਾਂ (15) ਦਿਨਾਂ ਦੇ ਅੰਦਰ-ਅੰਦਰ ਆਪ ਖੁਦ ਜਾਂ ਵਕੀਲ ਰਾਹੀਂ ਇਸ ਅਦਾਲਤ ਵਿੱਚ ਪੇਸ਼ ਹੋਵੋ, ਨਹੀਂ ਤਾ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅੱਜ ਮਿਤੀ:-30/01/2026 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ) ਬਰਨਾਲਾ

ਇਕ ਨਜ਼ਰ ...

ਹਰਦੀਪ ਪੁਰੀ ਨੇ ਐਪਸਟੀਨ ਨਾਲ 14 ਵਾਰੀ ਮੁਲਾਕਾਤ ਕੀਤੀ : ਕਾਂਗਰਸ

ਨਵੀਂ ਦਿੱਲੀ, 17 ਫ਼ਰਵਰੀ : ਕਾਂਗਰਸ ਨੇ ਮੰਗਲਵਾਰ ਨੂੰ ਕੇਂਦਰੀ ਮੰਤਰੀ ਹਰਦੀਪ ਪੁਰੀ ਉਤੇ 'ਐਪਸਟੀਨ ਫਾਈਲਾਂ' ਦੇ ਮੁੱਦੇ ਉਤੇ ਝੂਠ ਬੋਲਣ ਦਾ ਦੋਸ਼ ਲਾਇਆ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇਤਾ ਨੂੰ ਕਿਹਾ ਕਿ ਉਹ 2014 ਤੋਂ 2017 ਦਰਮਿਆਨ ਦੋਸ਼ੀ ਅਮਰੀਕੀ ਸੈਕਸ ਅਪਰਾਧੀ ਜੈਫਰੀ ਐਪਸਟੀਨ ਨਾਲ '62 ਵਾਰੀ ਈ-ਮੇਲ ਕਰਨ' ਅਤੇ '14 ਮੁਲਾਕਾਤਾਂ' ਕਰਨ ਬਾਰੇ ਸਪੱਸ਼ਟੀਕਰਨ ਦੇਣ। ਵਿਰੋਧੀ ਪਾਰਟੀ ਨੇ ਅਪਣੀ ਮੰਗ ਨੂੰ ਵੀ ਦੁਹਰਾਇਆ ਕਿ ਪੁਰੀ ਨੂੰ ਤੁਰਤ ਅਸਤੀਫਾ ਦੇਣਾ ਚਾਹੀਦਾ ਹੈ। ਹਾਲਾਂਕਿ ਪੁਰੀ ਨੇ ਵਿਰੋਧੀ ਪਾਰਟੀ ਵਲੋਂ ਉਨ੍ਹਾਂ ਉਤੇ ਲਗਾਏ ਗਏ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਕਾਂਗਰਸ ਦੇ ਮੀਡੀਆ ਅਤੇ ਪ੍ਰਚਾਰ ਵਿਭਾਗ ਦੇ ਮੁਖੀ ਪਵਨ ਖੇੜਾ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਸਵਾਲ ਕੀਤਾ, "ਸਾਲ 2014 ਤੋਂ 2017 ਦਰਮਿਆਨ ਹਰਦੀਪ ਪੁਰੀ ਅਤੇ ਐਪਸਟੀਨ ਵਿਚਾਲੇ 62 ਵਾਰੀ ਈ-ਮੇਲ ਹੋਈਆਂ। ਇਸ ਤੋਂ ਇਲਾਵਾ 2014 'ਚ 5, 6, 8 ਅਤੇ 9 ਜੂਨ, 19, 23 ਅਤੇ 24 ਸਤੰਬਰ ਅਤੇ 9 ਅਤੇ 10 ਅਕਤੂਬਰ ਨੂੰ ਹੋਣ ਵਾਲੀਆਂ ਮੁਲਾਕਾਤਾਂ 'ਚ ਕੀ ਚਰਚਾ ਹੋਈ?" (ਏਜੰਸੀ)

ਅਲ ਫਲਾਹ 'ਵਰਸਿਟੀ ਨੇ ਹਰਿਆਣਾ ਦੇ ਕਾਨੂੰਨ ਨੂੰ ਹਾਈ ਕੋਰਟ ਵਿਚ ਚੁਨੌਤੀ ਦਿਤੀ

ਚੰਡੀਗੜ੍ਹ, 17 ਫ਼ਰਵਰੀ : ਅਲ ਫਲਾਹ ਚੈਰੀਟੇਬਲ ਟਰੱਸਟ ਅਤੇ ਅਲ ਫਲਾਹ ਯੂਨੀਵਰਸਿਟੀ, ਫਰੀਦਾਬਾਦ ਨੇ ਹਰਿਆਣਾ ਪ੍ਰਾਈਵੇਟ ਯੂਨੀਵਰਸਿਟੀਜ਼ (ਸੋਧ) ਐਕਟ, 2025 ਦੀ ਸੰਵਿਧਾਨਕ ਵੈਧਤਾ ਨੂੰ ਚੁਨੌਤੀ ਦਿੰਦੇ ਹੋਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਹਰਿਆਣਾ ਵਿਧਾਨ ਸਭਾ ਨੇ ਪਿਛਲੇ ਸਾਲ ਦਸੰਬਰ 'ਚ ਹਰਿਆਣਾ ਪ੍ਰਾਈਵੇਟ ਯੂਨੀਵਰਸਿਟੀਜ਼ (ਸੋਧ) ਬਿਲ ਪਾਸ ਕੀਤਾ ਸੀ, ਜਿਸ 'ਚ ਇਕ ਪ੍ਰਾਈਵੇਟ ਯੂਨੀਵਰਸਿਟੀ ਦੀ ਪ੍ਰਬੰਧਕੀ ਸੰਸਥਾ ਨੂੰ ਭੰਗ ਕਰਨ ਅਤੇ ਕੌਮੀ ਸੁਰੱਖਿਆ ਨਾਲ ਜੁੜੇ ਮਾਮਲਿਆਂ ਸਮੇਤ 'ਕੁੱਝ ਹਾਲਤ' 'ਚ ਪ੍ਰਸ਼ਾਸਕ ਦੀ ਨਿਯੁਕਤੀ ਰਾਹੀਂ ਇਸ ਦੇ ਕੰਮਕਾਜ ਨੂੰ ਸੰਭਾਲਣ ਦੀ ਵਿਵਸਥਾ ਕੀਤੀ ਗਈ ਹੈ। ਜੰਮੂ-ਕਸ਼ਮੀਰ ਪੁਲਿਸ ਨੇ ਉੱਤਰ ਪ੍ਰਦੇਸ਼ ਅਤੇ ਹਰਿਆਣਾ 'ਚ ਅਪਣੇ ਹਮਰੁਤਬਾ ਅਧਿਕਾਰੀਆਂ ਨਾਲ ਮਿਲ ਕੇ ਜੰਮੂ-ਕਸ਼ਮੀਰ ਪੁਲਿਸ ਨੂੰ 'ਵ੍ਹਾਈਟ ਕਾਲਰ' ਅਤਿਵਾਦੀ ਮਾਡਿਊਲ ਦਾ ਪਰਦਾਫਾਸ਼ ਕਰਨ ਤੋਂ ਬਾਅਦ ਭਾਜਪਾ ਸਰਕਾਰ ਇਹ ਬਿਲ ਲਿਆਂਦਾ ਸੀ। ਇਹ ਪਟੀਸ਼ਨ ਸੋਮਵਾਰ ਨੂੰ ਹਾਈ ਕੋਰਟ ਦੇ ਸਾਹਮਣੇ ਆਈ ਅਤੇ ਇਸ ਮਾਮਲੇ ਦੀ ਅਗਲੀ ਸੁਣਵਾਈ ਦੀ ਤਰੀਕ 6 ਅਪ੍ਰੈਲ ਤੈਅ ਕੀਤੀ ਗਈ ਹੈ। (ਪੀਟੀਆਈ)

ਇਟਲੀ 'ਚ ਸਿੱਖ ਆਗੂਆਂ ਨੇ ਲਾਈਫ਼ ਏ.ਪੀ.ਐਸ ਐਸੋਸੀਏਸ਼ਨ ਦੇ ਆਗੂਆਂ ਦਾ ਕੀਤਾ ਸਨਮਾਨ

ਮਿਲਾਨ, 17 ਫ਼ਰਵਰੀ (ਦਲਜੀਤ ਮੱਕੜ): ਫ਼ੈਡਰੇਸ਼ਨ ਯੂਨੀਅਨ ਸਿੱਖ ਇਟਲੀ ਵਲੋਂ ਗੁਰਦੁਆਰਾ ਸਾਹਿਬ ਸਿੰਘ ਸਭਾ ਨੋਵੇਲਾਰਾ ਵਿਖੇ ਲਾਈਫ਼ ਏ.ਪੀ.ਐਸ ਐਸੋਸੀਏਸ਼ਨ ਨੂੰ ਸਿੱਖਾਂ ਦੇ ਧਾਰਮਕ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਭੇਂਟ ਕੀਤੇ ਗਏ। ਲਾਈਫ਼ ਏ.ਪੀ.ਐਸ ਐਸੋਸੀਏਸ਼ਨ ਜੋ ਕਿ ਇਟਲੀ ਵਿਚ ਨਸਲੀ, ਭਾਸ਼ਾਈ ਅਤੇ ਧਾਰਮਕ ਘੱਟ ਗਿਣਤੀਆਂ ਲਈ ਸਭਿਆਚਾਰਕ ਅਤੇ ਸਮਾਜਕ ਕਾਰਜ ਕਰਦੀ ਹੈ। ਯੂ ਐਨ ਓ ਵਲੋਂ ਇਸ ਐਸੋਸੀਏਸ਼ਨ ਨੂੰ ਘੱਟ ਗਿਣਤੀ ਧਰਮਾਂ ਵਾਸਤੇ ਇਟਲੀ ਵਿਚ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਅਬਜ਼ਰਵਰੀ ਦੇ ਡਾਇਰੈਕਟਰ ਡਾਕਟਰ ਓਗਨੀਆਂ ਨੂੰ ਸੰਯੁਕਤ ਰਾਸ਼ਟਰ ਵਲੋਂ ਜਨੇਵਾ ਵਿਖੇ ਘੱਟ ਗਿਣਤੀ ਧਰਮਾਂ ਲਈ ਫੈਲੋ ਨਿਯੁਕਤ ਕੀਤਾ ਗਿਆ ਹੈ, ਜੋ ਕਿ ਪਿਛਲੇ 20 ਸਾਲਾਂ ਦੌਰਾਨ ਇਹ ਭੂਮਿਕਾ ਨਿਭਾਉਣ ਵਾਲੇ ਪਹਿਲੇ ਇਟਾਲੀਅਨ ਹਨ। ਉਨ੍ਹਾਂ ਦੇ ਇਸ ਅਹੁਦੇ ਉਪਰ ਹੋਣ ਕਰ ਕੇ ਬਹੁਤ ਸਾਰੀਆਂ ਧਾਰਮਕ ਘੱਟ ਗਿਣਤੀ ਦੀਆਂ ਕੌਮਾਂ ਸੰਯੁਕਤ ਰਾਸ਼ਟਰ ਵਿਚ ਪ੍ਰਭਾਵਸ਼ਾਲੀ ਪ੍ਰਤੀਨਿਧਤਾ ਕਰ ਰਹੀਆਂ ਹਨ। ਇਹ ਮਾਡਲ ਗੁਰਦੁਆਰਾ ਸਾਹਿਬ ਸਿੰਘ ਸਭਾ ਨੋਵੇਲਾਰਾ ਵਿਖੇ ਇਸ ਐਸੋਸੀਏਸ਼ਨ ਦੀ ਪ੍ਰਧਾਨ ਰੋਸਾਨਾ ਲਾਨਾਤਾ ਅਤੇ ਉਸ ਦੇ ਪਤੀ ਰੋਕੋ ਲਾਨਾਤਾ ਨੂੰ ਜੋ ਕਿ ਇਕ ਮਨੁੱਖੀ ਅਧਿਕਾਰ ਕਾਰਕੁਨ ਅਤੇ ਲੇਖਕ ਹਨ, ਨੂੰ ਭੇਂਟ ਕੀਤਾ ਗਿਆ। ਇਸ ਮੌਕੇ ਯੂਨੀਅਨ ਸਿੱਖ ਇਟਲੀ ਦੇ ਆਗੂ ਅਤੇ ਗੁਰਦੁਆਰਾ ਸਿੰਘ ਸਭਾ ਨੋਵੇਲਾਰਾ ਦੇ ਪ੍ਰਬੰਧਕ ਮੌਜੂਦ ਸਨ।

ਇਟਲੀ ਦੇ ਸਿੱਖ ਆਗੂ ਲਾਈਫ਼ ਏ.ਪੀ.ਐਸ. ਐਸੋਸੀਏਸ਼ਨ ਦੇ ਆਗੂਆਂ ਨੂੰ ਸਨਮਾਨਤ ਕਰਦੇ ਹੋਏ।

ਬਡਗਾਮ ਦੇ ਦੁੱਧਪਥਰੀ ਖੇਤਰ ਵਿਚ ਸੈਲਾਨੀ ਬਰਫ਼ ਨਾਲ ਖੇਡਦੇ ਹੋਏ। (ਪੀ.ਟੀ.ਆਈ)

ਗੁਰਦੁਆਰਾ ਕੋਲਨ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਇਆ

ਸ਼ਹੀਦਾਂ ਦੀ ਯਾਦ 'ਚ ਕਰਵਾਏ ਗੁਰਮਤਿ ਸਮਾਗਮ ਦੀ ਤਸਵੀਰ।

ਜਰਮਨੀ, 17 ਫ਼ਰਵਰੀ (ਸੰਦੀਪ ਸਿੰਘ ਖਾਲੜਾ): ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ ਕੋਲਨ ਵਿਖੇ ਨਕੋਦਰ ਸਾਕੇ ਦੇ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਫ਼ੌਜੀ ਰਾਮਗੜ੍ਹ, ਭਾਈ ਝਿਲਮਿਲ ਸਿੰਘ ਗੋਰਸੀਆਂ,ਭਾਈ ਹਰਮਿੰਦਰ ਸਿੰਘ ਚਲੂਪਰ ਦਾ 40ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। 13 ਫ਼ਰਵਰੀ ਨੂੰ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਅਤੇ ਭੋਗ 15 ਫ਼ਰਵਰੀ ਨੂੰ ਪਾਏ ਗਏ। ਉਪਰੰਤ ਦੀਵਾਨ ਸਜਾਏ ਗਏ ਜਿਸ ਵਿਚ ਬੱਚਿਆਂ ਵਲੋਂ ਗੁਰਬਾਣੀ ਦਾ ਸ਼ਬਦ ਕੀਰਤਨ ਕੀਤਾ ਗਿਆ। ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ ਕੋਲਨ ਦੇ ਗ੍ਰੰਥੀ ਭਾਈ ਜਗਜੀਤ ਸਿੰਘ ਚੀਮਾ ਕਲਾਂ ਵਲੋਂ ਗੁਰਬਾਣੀ ਵਿਚਾਰ ਤੋਂ ਇਲਾਵਾ ਨਕੋਦਰ ਸਾਕੇ ਬਾਰੇ ਸੰਗਤਾਂ ਨਾਲ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ। ਸਮੁੱਚੇ ਸਮਾਗਮ ਦੀਆਂ ਸੇਵਾਵਾਂ ਸ਼ਹੀਦ ਭਾਈ ਬਲਧੀਰ ਸਿੰਘ ਫ਼ੌਜੀ ਦੇ ਪ੍ਰਵਾਰ ਅਤੇ ਸਾਥੀ ਵੀਰਾਂ ਵਲੋਂ ਰਲ ਕੇ ਕੀਤੀਆਂ ਗਈਆਂ। ਅੰਤ ਵਿਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਗੁਰਪਾਲ ਸਿੰਘ ਪਾਲਾ ਵਲੋਂ ਸਮੂਹ ਪ੍ਰਵਾਰ ਅਤੇ ਆਈ ਸੰਗਤ ਦਾ ਧਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਨੇ ਸਾਨੂੰ ਕੌਮੀ ਪੱਧਰ 'ਤੇ ਇਨ੍ਹਾਂ ਸ਼ਹੀਦਾਂ ਨੂੰ ਹਮੇਸ਼ਾ ਚੇਤੇ ਕਰਦੇ ਰਹਿਣਾ ਚਾਹੀਦਾ।

ਤਸਕਰਾਂ ਨੇ ਭਾਰਤ 'ਚ ਨਸ਼ੇ ਲਿਆਉਣ ਦਾ ਨਵਾਂ ਤਰੀਕਾ ਲਭਿਆ

ਅਹਿਮਦਾਬਾਦ, 17 ਫ਼ਰਵਰੀ : ਗੁਜਰਾਤ ਅਤਿਵਾਦ ਰੋਕੂ ਦਸਤੇ (ਏ.ਟੀ.ਐਸ.) ਅਤੇ ਤੱਟ ਰੱਖਿਅਕ ਬਲ ਨੇ ਦੋ ਈਰਾਨੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ 200 ਕਿਲੋਗ੍ਰਾਮ ਤੋਂ ਵੱਧ ਸ਼ੱਕੀ ਨਸ਼ੀਲੇ ਪਦਾਰਥਾਂ ਦੀ ਇਕ ਸਪੀਡ ਬੋਟ ਰਾਹੀਂ ਇਰਾਨ ਤੋਂ ਭਾਰਤੀ ਜਲ ਖੇਤਰ ਵਲ ਤਸਕਰੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਗੁਜਰਾਤ ਏ.ਟੀ.ਐਸ. ਵਲੋਂ ਸਾਂਝੀ ਕੀਤੀ ਗਈ ਸੂਚਨਾ ਉਤੇ ਕਾਰਵਾਈ ਕਰਦਿਆਂ ਭਾਰਤੀ ਤੱਟ ਰੱਖਿਅਕ ਬਲ ਦੇ ਇਕ ਜਹਾਜ਼ ਨੂੰ ਸੋਮਵਾਰ ਰਾਤ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਸ਼ੱਕ ਵਿਚ ਇਕ ਵਿਦੇਸ਼ੀ ਕਿਸ਼ਤੀ ਨੂੰ ਰੋਕ ਲਿਆ। ਇਸ ਵਿਚ ਕਿਹਾ ਗਿਆ ਹੈ ਕਿ ਕਿਸ਼ਤੀ ਦੀ ਪੂਰੀ ਤਲਾਸ਼ੀ ਲੈਣ ਤੋਂ ਬਾਅਦ 203 ਪੈਕੇਟ ਬਰਾਮਦ ਕੀਤੇ ਗਏ, ਜਿਨ੍ਹਾਂ ਵਿਚੋਂ ਹਰ ਪੈਕੇਟ ਦਾ ਭਾਰ ਲਗਭਗ 1 ਕਿਲੋਗ੍ਰਾਮ ਸੀ, ਜਿਸ ਵਿਚ ਨਸ਼ੀਲੇ ਪਦਾਰਥ ਹੋਣ ਦਾ ਸ਼ੱਕ ਹੈ। ਏ.ਟੀ.ਐਸ. ਦੇ ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.) ਸੁਨੀਲ ਜੋਸ਼ੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਕ ਈਰਾਨੀ ਸਪੀਡ ਬੋਟ ਨੂੰ ਪੋਰਬੰਦਰ ਤੱਟ ਤੋਂ ਲਗਭਗ 140 ਸਮੁੰਦਰੀ ਮੀਲ ਦੀ ਦੂਰੀ ਉਤੇ ਕੌਮਾਂਤਰੀ ਸਮੁੰਦਰੀ ਸੀਮਾ ਰੇਖਾ ਨੇੜੇ ਰੋਕਿਆ ਗਿਆ।

ਜਨਮ ਦਿਨ ਮੁਬਾਰਕ

ਇਸ਼ਮੀਤ ਕੌਰ ਢੀਂਡਸਾ
ਪਿਤਾ : ਅੰਮ੍ਰਿਤਪਾਲ ਸਿੰਘ ਢੀਂਡਸਾ
ਮਾਤਾ : ਹਰਦੀਪ ਕੌਰ ਖੱਟੜਾ
ਧਾਂਦਰਾ

ਆਫਰੀਨ
ਪਿਤਾ: ਅਮਜਦ ਖਾ
ਮਾਤਾ-ਰਵੀਨਾ
ਫਰਵਾਹੀ, ਸੰਗਰੂਰ

ਸਾਬਕਾ ਏਆਈਜੀ ਦੇ ਪੁੱਤਰ 'ਤੇ ਪਿਸਤੌਲ ਤਾਣ ਕੇ ਦਿਤੀ ਮਾਰਨ ਦੀ ਧਮਕੀ

ਮੋਹਾਲੀ, 17 ਫ਼ਰਵਰੀ (ਸਤਵਿੰਦਰ ਧੜਾਕ) : ਮੰਗਲਵਾਰ ਦੁਪਹਿਰ ਨੂੰ ਲਖਨੌਰ ਰੋਡ 'ਤੇ ਇਕ ਗੰਭੀਰ ਮਾਮਲਾ ਸਾਹਮਣੇ ਆਇਆ, ਜਿਸ ਵਿਚ ਪੰਜਾਬ ਪੁਲਿਸ ਦੇ ਇਕ ਸਾਬਕਾ ਏਆਈਜੀ ਦੇ ਪੁੱਤਰ ਨੂੰ ਬੰਦੂਕ ਦੀ ਨੋਕ 'ਤੇ ਜਾਨੋਂ ਮਾਰਨ ਦੀ ਧਮਕੀ ਦਿਤੀ ਗਈ। ਪੀੜਤ ਦੀ ਸ਼ਿਕਾਇਤ ਦੇ ਆਧਾਰ 'ਤੇ, ਸੋਹਾਣਾ ਪੁਲਿਸ ਸਟੇਸ਼ਨ ਨੇ ਜਾਂਚ ਸ਼ੁਰੂ ਕਰ ਦਿਤੀ ਹੈ। ਸ਼ਿਕਾਇਤਕਰਤਾ ਹਰਨੂਪ ਸਿੰਘ ਨੇ ਪੁਲਿਸ ਨੂੰ ਦਸਿਆ ਕਿ ਉਹ ਮੰਗਲਵਾਰ ਦੁਪਹਿਰ ਨੂੰ ਅਪਣੀ ਪਤਨੀ ਨਾਲ ਚੰਡੀਗੜ੍ਹ ਤੋਂ ਸੈਕਟਰ 144, ਆਸਨਾਲ ਸਥਿਤ ਅਪਣੇ ਘਰ ਵਾਪਸ ਆ ਰਿਹਾ ਸੀ। ਇਕ ਚਿੱਟੀ ਵਰਨਾ ਕਾਰ ਉਨ੍ਹਾਂ ਦੀ ਗੱਡੀ ਕੋਲ ਆਈ। ਡਰਾਈਵਰ ਨੇ ਇਸ਼ਾਰਾ ਕੀਤਾ, ਜਿਸ ਵਲ ਹਰਨੂਪ ਸਿੰਘ ਨੇ ਸਿੱਧਾ ਜਾਣ ਦਾ ਇਸ਼ਾਰਾ ਕੀਤਾ। ਥੋੜ੍ਹੀ ਦੇਰ ਬਾਅਦ, ਵਰਨਾ ਕਾਰ ਨੇ ਯੂ-ਟਰਨ ਲਿਆ ਅਤੇ ਰਸਤਾ ਰੋਕ ਕੇ ਉਨ੍ਹਾਂ ਦੀ ਗੱਡੀ ਦੇ ਸਾਹਮਣੇ ਖੜ੍ਹੀ ਕਰ ਦਿਤੀ। ਹਰਨੂਪ ਅਨੁਸਾਰ, ਕਾਰ ਵਿਚ ਸਵਾਰ ਨੌਜਵਾਨਾਂ ਨੇ ਦਰਵਾਜ਼ਾ ਖੋਲ੍ਹਿਆ ਅਤੇ ਉਨ੍ਹਾਂ ਨਾਲ ਦੁਰਵਿਵਹਾਰ ਕਰਨਾ ਸ਼ੁਰੂ ਕਰ ਦਿਤਾ। ਜਦੋਂ ਉਹ ਬਾਹਰ ਨਿਕਲਿਆ, ਤਾਂ ਦੋਸ਼ੀ ਨੇ ਪਿਸਤੌਲ ਕੱਢੀ ਅਤੇ ਉਸ ਵਲ ਇਸ਼ਾਰਾ ਕਰਦਿਆਂ ਕਿਹਾ,'ਮੈਨੂੰ ਦੱਸ, ਕੀ ਮੈਂ ਤੁਹਾਨੂੰ ਗੋਲੀ ਮਾਰ ਦੇਵਾਂ?' ਹਰਨੂਪ ਨੇ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪੁਛਿਆ ਕਿ ਮਾਮਲਾ ਕੀ ਹੈ, ਇਹ ਕਹਿੰਦੇ ਹੋਏ ਕਿ ਇਹ ਇੰਨਾ ਗੰਭੀਰ ਨਹੀਂ ਹੈ ਕਿ ਸਾਨੂੰ ਹਥਿਆਰ ਕੱਢਣ ਦੀ ਲੋੜ ਹੈ। ਇਸ ਦੌਰਾਨ, ਦੂਜਾ ਆਦਮੀ ਵੀ ਕਾਰ 'ਚੋਂ ਬਾਹਰ ਨਿਕਲਿਆ ਅਤੇ ਕਾਰ ਵਿਚੋਂ ਕੁੱਝ ਲੈਣ ਦੀ ਕੋਸ਼ਿਸ਼ ਕੀਤੀ। ਜਾਂਦੇ ਸਮੇਂ, ਦੋਸ਼ੀ ਨੇ ਹਰਨੂਪ ਅਤੇ ਉਸ ਦੀ ਕਾਰ ਦੀਆਂ ਫ਼ੋਟੋਆਂ ਖਿੱਚੀਆਂ ਅਤੇ ਧਮਕੀ ਦਿਤੀ, 'ਅਸੀਂ ਬਾਅਦ ਵਿਚ ਉਨ੍ਹਾਂ ਨਾਲ ਨਜਿੱਠਾਂਗੇ।' ਹਰਨੂਪ ਸਿੰਘ ਫਿਰ ਸਿੱਧਾ ਅਪਣੇ ਘਰ ਗਿਆ ਅਤੇ ਪੁਲਿਸ ਕੰਟਰੋਲ ਰੂਮ ਨੂੰ ਸੂਚਿਤ ਕੀਤਾ। ਬਾਅਦ ਵਿਚ ਉਹ ਪੁਲਿਸ ਸਟੇਸ਼ਨ ਗਿਆ ਅਤੇ ਇਕ ਲਿਖਤੀ ਸ਼ਿਕਾਇਤ ਦਰਜ ਕਰਵਾਈ

ਐਸੇਟ ਰੀਕੰਸਟ੍ਰਕਸ਼ਨ ਕੰਪਨੀ (ਇੰਡੀਆ) ਲਿਮ. (ਅਰਸਿਲ)

Arcil Premier ARC

(ਅਸਸਿਲ ਟਰੱਸਟ 2025-011 ਦਾ ਟਰੱਸਟੀ)
CIN No. U65999MH2002PLC134884, ਵੈਬਸਾਈਟ : www.arcil.co.in
ਰਜਿਸਟਰਡ ਦਫ਼ਤਰ:- ਦ ਰੂਬੀ, 10ਵੀਂ ਮੰਜ਼ਿਲ, 29 ਸੈਨਾਪਤੀ ਬਾਪਤ ਮਾਰਗ, ਦਾਦਰ (ਵੈਸਟ), ਮੁੰਬਈ-400 028, ਫ਼ੋਨ ਨੰ. +91 2266581300
ਬਰਾਂਚ ਦਫ਼ਤਰ : ਦਫ਼ਤਰ ਨੰ. 1008, 11ਵੀਂ ਮੰਜ਼ਿਲ, ਵੈਸਟੈਂਡ ਮਾਲ, ਜਨਕਪੁਰੀ, ਜ਼ਿਲ੍ਹਾ ਸੈਂਟਰ, ਜਨਕਪੁਰੀ, ਨਵੀਂ ਦਿੱਲੀ ਡਾਕਖਾਨਾ 110058, ਫੋਨ :+91 011 41775206

ਕਬਜ਼ਾ ਨੋਟਿਸ ਅੰਤਿਕਾ IV [ਰੂਲ 8(1)]

ਗਾਹਕ ਦਾ ਨਾਮ	ਅਚੱਲ ਜਾਇਦਾਦ ਦਾ ਵੇਰਵਾ	
ਸ੍ਰੀਮਤੀ ਸਰੋਜਾ ਪਤਨੀ ਸ੍ਰੀ ਗੁਲਾਮ ਨਵੀ, ਸਰੋਜਾ ਡੇਅਰੀ ਫਾਰਮ ਰਾਹੀਂ ਇਸ ਦੇ ਮਾਲਕ ਸ੍ਰੀਮਤੀ ਸਰੋਜਾ, ਸ੍ਰੀ ਗੁਲਾਮ ਨਵੀ ਪੁੱਤਰ ਸ੍ਰੀ ਰਹਿਮ ਦੀਨ, ਸ੍ਰੀ ਰਹਿਮਦੀਨ ਪੁੱਤਰ ਸ੍ਰੀ ਗਹੀਨਾ ਖਾਨ, ਸ੍ਰੀ ਸਰਾਜਦੀਨ ਪੁੱਤਰ ਸ੍ਰੀ ਰਹਿਮਦੀਨ ਲੋਨ ਖਾਤਾ ਨੰ.: 162023	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਖਸਰਾ ਨੰ. 383/1 (0-4), 384 (4-10), ਕਿੱਤੇ 2, ਖੇਵਟ ਨੰ. 136, ਖਤੌਨੀ ਨੰ.237, ਐਚ.ਬੀ. ਨੰ. 94, ਪਿੰਡ ਸ਼ੇਰਵਾਨੀ ਕੋਟ, ਤਹਿ. ਮਲੇਰਕੋਟਲਾ ਅਤੇ ਜ਼ਿਲ੍ਹਾ ਸੰਗਰੂਰ ਪੰਜਾਬ-148023 ਰਕਬਾ ਤੈਦਾਦੀ 0-7 ਬਿਸਵੇ 16 ਬਿਸਵਾਸੀ ਜ਼ਮੀਨ ਦਾ ਕੁੱਲ ਰਕਬਾ 341.11 ਵ.ਗਜ, ਬਕਦਰ 156/1880 ਭਾਗ ਮਿਜੁਮਲਾ ਤੋਂ ਰਕਬਾ, ਤੈਦਾਦੀ 4 ਬਿੱਘੇ 14 ਬਿਸਵੇ ਜਮਾਂਬੰਦੀ ਸਾਲ 2016-17. ਹੱਦਾਂ ਵੱਲ- ਪੂਰਬ ਵੱਲ: ਸੜਕ, ਪੱਛਮ ਵੱਲ: ਸਾਂਝੀ ਕੰਧ ਅਤੇ ਮੁਹੰਮਦ ਰਫਮਾਦੀਕ ਦਾ ਮਕਾਨ, ਉੱਤਰ ਵੱਲ: ਜ਼ਮੀਨ ਟਰਾਂਸਫਰ ਕੁਨਿੰਦਾ ਸ੍ਰੀ ਰਹਿਮਾਨਦੀਨ, ਦੱਖਣ ਵੱਲ: ਗਲੀ।	13(2) ਨੋਟਿਸ ਦੀ ਮਿਤੀ : 01.08.2025 ਨੋਟਿਸ ਦੀ ਰਕਮ: Rs. 1643226.27/- ਕਬਜੇ ਦੀ ਮਿਤੀ: 12-Feb.-2026 ਸਥਾਨ : ਪੰਜਾਬ ਕਬਜੇ ਦੀ ਕਿਸਮ : ਸੰਕੇਤਕ

ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ, ਕਰਜ਼ਦਾਰ(ਾਂ) ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਪਰ ਦਰਸਾਈਆਂ ਮਿਤੀਆਂ ਨੂੰ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਉਪਰ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਤੌਰ 'ਤੇ ਆਮ ਜਨਤਾ ਨੂੰ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਤੋਂ ਵਰਜਿਆ ਜਾਂਦਾ ਹੈ ਅਤੇ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦਾ ਸੌਦਾ ਕਰਨ ਦਾ ਵਿਸ਼ਾ ਉਪਰ ਨੋਟਿਸ ਵਿਚ ਦਰਸਾਈ ਰਕਮ ਅਤੇ ਇਸ 'ਤੇ ਵਿਆਜ ਸਮੇਤ ਖਰਚੇ ਅਤੇ ਚਾਰਜਿਜ਼ ਆਦਿ, ਅਦਾ ਕੀਤੀ ਰਕਮ ਘਟਾ ਕੇ ਜੇ ਕੋਈ ਹੈ, ਐਸਟ ਰੀਕੰਸਟਰੱਕਸ਼ਨ ਕੰਪਨੀ (ਇੰਡੀਆ) ਲਿਮ. (ਅਰਸਿਲ) (ਅਰਸਿਲ ਟਰੱਸਟ 2025-011 ਦਾ ਟਰੱਸਟੀ) ਦੇ ਚਾਰਜ ਅਧੀਨ ਹੈ। ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਮਿਤੀ : 17.02.2026, ਅਧਿਕਾਰਤ ਅਫ਼ਸਰ, ਐਸਟ ਰੀਕੰਸਟਰੱਕਸ਼ਨ ਕੰਪਨੀ (ਇੰਡੀਆ) ਲਿਮ. (ਅਰਸਿਲ)

ਅਦਿੱਤਿਆ ਬਿਰਲਾ ਹਾਊਸਿੰਗ ਫਾਇਨਾਂਸ ਲਿਮਟਿਡ

ADITYA BIRLA CAPITAL — PROTECTING INVESTING FINANCING ADVISING

ਰਜਿਸਟਰਡ ਦਫਤਰ : ਇੰਡੀਅਨ ਰੇਯਨ ਕੰਪਾਊਂਡ, ਵੇਰਾਵਲ, ਗੁਜਰਾਤ 362266
ਬ੍ਰਾਂਚ ਦਫਤਰ : ਜੀ ਕਾਰਪੋਰੇਸ਼ਨ ਟੈਕ. ਪਾਰਕ, ਕਸਾਰਵਡਾਵਲੀ, ਗੋਡਬੰਦਰ ਰੋਡ, ਥਾਣੇ, ਐਮਐਚ-400601

ਡਿਮਾਂਡ ਨੋਟਿਸ (ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3(1) ਅਧੀਨ)
ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਦੇ ਸੈਕਸ਼ਨ 13(2) ਅਧੀਨ ਨੋਟਿਸ ਦੀ ਵਿਕਲਪਿਕ ਸੇਵਾ

ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੇ ਕਰਜ਼ਦਾਰ ਅਦਿੱਤਿਆ ਬਿਰਲਾ ਹਾਊਸਿੰਗ ਫਾਇਨਾਂਸ ਲਿਮਟਿਡ (ਏਬੀਐਚਐਫਐਲ) ਤੋਂ ਪ੍ਰਾਪਤ ਕੀਤੇ ਅਸਲ ਮੂਲ ਨੂੰ ਸਮੇਤ ਵਿਆਜ ਅਤੇ ਹੋਰ ਖਰਚੇ ਅਦਾ ਕਰਨ ਵਿਚ ਨਾਕਾਮ ਰਹਿਣ 'ਤੇ ਆਰਬੀਆਈ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੇਠਾਂ ਦਰਜ ਖਾਤਿਆਂ ਨੂੰ ਨਾਨ ਪ੍ਰਫਾਰਮਿੰਗ ਐਸੇਟਸ ਐਲਾਨ ਦਿੱਤਾ ਗਿਆ ਹੈ। ਸਕਿਉਰਟਾਈਜੇਸ਼ਨ ਐਂਡ ਰੀਕੰਸਟੱਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰਸਟ 2002 (ਸਰਫਾਇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਏਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੇ ਕਰਜ਼ਦਾਰਾਂ ਨੂੰ ਡਿਮਾਂਡ ਨੋਟਿਸ ਵਿਚ ਦਰਸਾਈ ਰਕਮ ਦੀ ਅਦਾਇਗੀ ਸਮੇਤ ਸਮਝੌਤਾ ਦਰ ਨਾਲ ਅਗਾਊਂ ਵਿਆਜ਼ ਅਤੇ ਉਪਰੋਕਤ ਰਕਮ 'ਤੇ ਇਤਫਾਕੀਆ ਖਰਚੇ, ਲਾਗਤਾਂ ਆਦਿ ਜਮਾਂ ਕਰਾਉਣ ਲਈ ਕਿਹਾ ਜਾਂਦਾ ਹੈ। ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ 2002 (ਸਰਫਾਇਸੀ ਐਕਟ) ਦੇ ਰੂਲ 3 ਅਨੁਸਾਰ ਡਿਮਾਂਡ ਨੋਟਿਸ ਪ੍ਰਕਾਸ਼ਨਾ ਦੀ ਸੇਵਾ ਨਾਲ ਕੀਤੀ ਜਾਂਦੀ ਹੈ।

	ਕਰਜ਼ਦਾਰਾਂ /ਸਹਿ ਕਰਜ਼ਦਾਰਾਂ/ ਅਤੇ ਗਰੰਟਰਾਂ/ ਸਹਿ ਗਰੰਟਰਾਂ ਦਾ ਨਾਮ ਅਤੇ ਲੋਨ ਖਾਤਾ ਨੰ	ਐਨਪੀਏ ਦੀ ਮਿਤੀ	ਡਿਮਾਂਡ ਨੋਟਿਸ ਦੀ ਮਿਤੀ	ਡਿਮਾਂਡ ਨੋਟਿਸ/ਮਿਤੀ ਅਨੁਸਾਰ ਬਕਾਇਆ ਰਕਮ
1	1. ਅਮਨਦੀਪ ਸਿੰਘ, ਗਿੱਲ ਨੰ. 1, ਮੁਕਾਨ ਨੰ. ਬੀ-21-1708, ਗਲੀ ਨੰ. 38, ਪਦਮ ਇੰਟਰਪ੍ਰਾਈਜਿਜ, ਜਨਤਾ ਨਗਰ, ਜੰਮੇਲ ਰੋਡ, ਨੇੜੇ ਹੈਪੀ ਧਰਮ ਕੰਡਾ, ਖਸਰਾ ਨੰ. 3566/406, ਖਾਤਾ ਨੰ. 627/995, ਅਸੈਸਮੈਂਟ ਸਾਲ 2010-2011, ਵਾਕਿਆ ਮੌਜਾ, ਅਬਾਦੀ ਜਨਤਾ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141003, 2. ਬਲਵੰਤ ਸਿੰਘ, ਗਿੱਲ ਨੰ. 1, ਮਕਾਨ ਨੰ. ਬੀ-21-1708, ਗਲੀ ਨੰ. 38, ਪਦਮ ਇੰਟਰਪ੍ਰਾਈਜਿਜ਼, ਜਨਤਾ ਨਗਰ, ਜੰਮੇਲ ਰੋਡ, ਨੇੜੇ ਹੈਪੀ ਧਰਮ ਕੰਡਾ, ਖਸਰਾ ਨੰ. 3566/406, ਖਾਤਾ ਨੰ. 627/995, ਅਸੈਸਮੈਂਟ ਸਾਲ 2010-2011, ਵਾਕਿਆ ਮੌਜਾ, ਅਬਾਦੀ ਜਨਤਾ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141003, 3. ਪਦਮ ਇੰਟਰਪ੍ਰਾਈਜਿ, ਗਿੱਲ ਨੰ. 1, ਮਕਾਨ ਨੰ. ਬੀ-21-1708, ਗਲੀ ਨੰ. 38, ਗਿੱਲ ਨੰ. 1, ਪਦਮ ਇੰਟਰਪ੍ਰਾਈਜਿਜ਼, ਜਨਤਾ ਨਗਰ, ਜੰਮੇਲ ਰੋਡ, ਨੇੜੇ ਹੈਪੀ ਧਰਮ ਕੰਡਾ, ਖਸਰਾ ਨੰ. 3566/406, ਖਾਤਾ ਨੰ. 627/995, ਅਸੈਸਮੈਂਟ ਸਾਲ 2010-2011 ਵਾਕਿਆ ਮੌਜਾ, ਅਬਾਦੀ ਜਨਤਾ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141003, 4. ਅਮਨਦੀਪ ਸਿੰਘ ਮਕਾਨ ਨੰ. 1708, ਗਲੀ ਨੰ. 38, ਜਨਤਾ ਨਗਰ, ਲੁਧਿਆਣਾ, ਪੰਜਾਬ-141003, 5. ਬਲਵੰਤ ਸਿੰਘ, ਮਕਾਨ ਨੰ. 1708, ਗਲੀ ਨੰ. 38, ਜਨਤਾ ਨਗਰ, ਲੁਧਿਆਣਾ, ਪੰਜਾਬ-141003, 6. ਪਦਮ ਇੰਟਰਪ੍ਰਾਈਜਿਜ਼, ਮਕਾਨ ਨੰ. 1708, ਗਲੀ ਨੰ. 38, ਜਨਤਾ ਨਗਰ, ਲੁਧਿਆਣਾ, ਪੰਜਾਬ-141003 ਲੋਨ ਖਾਤਾ ਨੰ : LNLUDPNO-11190060447	08.02.2026	12-02-2026 ਮਿਤੀ 17.10.2024 ਦਾ ਪੁਰਾਣਾ ਨੋਟਿਸ ਵਾਪਸ ਲੈ ਲਿਆ, ਇਸ ਪ੍ਰਕਾਸ਼ਨਾ ਨੂੰ ਤੁਰੰਤ ਪ੍ਰਭਾਵੀ ਨੋਟਿਸ ਵਜੋਂ ਲਿਆ ਜਾਵੇ	ਰੁ : 26,75,821.34/- (ਛੱਬੀ ਲੱਖ ਪਝੱਤਰ ਹਜ਼ਾਰ ਅੱਠ ਸੌ ਇੱਕੀ ਰੁ. ਚੌਂਤੀ ਪੈਸੇ ਸਿਰਫ਼) ਬਕਾਇਆ ਮੂਲ, ਏਰੀਆ ਦੇ ਤਰੀਕੇ ਨਾਲ (ਸਮੇਤ ਲਾਗੂ ਲੇਟ ਖਰਚੇ) ਅਤੇ ਵਿਆਜ 09.02.2026 ਤੱਕ
	ਅਚੱਲ ਜਾਇਦਾਦ ਦਾ ਵੇਰਵਾ (ਗਿਰਵੀ ਜਾਇਦਾਦ) : ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਗਿੱਲ ਨੰ. 1, ਮਕਾਨ ਨੰ. ਬੀ-21-1708, ਗਲੀ ਨੰ. 38, ਪਦਮ ਇੰਟਰਪ੍ਰਾਈਜਿਜ਼, ਜਨਤਾ ਨਗਰ, ਜੰਮੇਲ ਰੋਡ, ਨੇੜੇ ਹੈਪੀ ਧਰਮ ਕੰਡਾ, ਖਸਰਾ ਨੰ. 3566/406, ਖਾਤਾ ਨੰ. 627/995, ਮਿਣਤੀ 100 ਵ .ਗਜ਼, ਅਸੈਸਮੈਂਟ ਸਾਲ 2010-2011, ਵਾਕਿਆ ਮੌਜਾ ਅਬਾਦੀ ਜਨਤਾ ਨਗਰ, ਜਨਤਾ ਨਗਰ, ਐਸ.ਓ. ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141003 ਅਤੇ ਹੱਦਾਂ ਇਸ ਤਰ੍ਹਾਂ : ਪੂਰਬ : ਜਗਮੋਹਨ ਸਿੰਘ 45 ਫੁੱਟ, ਪੱਛਮ ; ਜਗਮੋਹਨ ਸਿੰਘ 45 ਫੁੱਟ, ਉਤਰ : ਜਗਮੋਹਨ ਸਿੰਘ 20 ਫੁੱਟ, ਦੱਖਣ : ਗਲੀ 20 ਫੁੱਟ			
2	1. ਅਵਤਾਰ ਸਿੰਘ, ਮਕਾਨ ਨੰ. 352/4, ਗਲੀ ਨੰ. 19, ਪਿੰਡ ਡਾਬਾ ਫਤਿਹ ਸਿੰਘ ਨਗਰ, ਜੋ ਸ਼ਾਮਲ ਹੈ ਵਿਚ ਖਸਰਾ ਨੰ. 315, ਹੱਦਬਸਤ ਨੰ. 262, ਖਾਤਾ ਨੰ. 11/14, ਲੁਧਿਆਣਾ, ਪੰਜਾਬ, ਭਾਰਤ 141003, 2. ਮਨਜੀਤ ਕੌਰ, ਮਕਾਨ ਨੰ. 352/4, ਗਲੀ ਨੰ. 19, ਪਿੰਡ ਡਾਬਾ ਫਤਿਹ ਸਿੰਘ ਨਗਰ, ਜੋ ਸ਼ਾਮਲ ਹੈ ਵਿਚ ਖਸਰਾ ਨੰ. 315, ਹੱਦਬਸਤ ਨੰ. 262, ਖਾਤਾ ਨੰ. 11/14, ਲੁਧਿਆਣਾ, ਪੰਜਾਬ, ਭਾਰਤ 141003, 3. ਸੁਖਵਿੰਦਰ ਸਿੰਘ, ਮਕਾਨ ਨੰ. 352/4, ਗਲੀ ਨੰ. 19, ਪਿੰਡ ਡਾਬਾ ਫਤਿਹ ਸਿੰਘ ਨਗਰ, ਜੋ ਸ਼ਾਮਲ ਹੈ ਵਿਚ ਖਸਰਾ ਨੰ. 315, ਹੱਦਬਸਤ ਨੰ. 262, ਖਾਤਾ ਨੰ. 11/14, ਲੁਧਿਆਣਾ, ਪੰਜਾਬ, ਭਾਰਤ 141003, 4. ਅਵਤਾਰ ਸਿੰਘ ਮਕਾਨ ਨੰ. 214, ਮਿਲਰਗੰਜ, ਗਲੀ ਨੰ. 7, ਸਾਹਿਬਜ਼ਾਦਾ ਫਤਿਹ ਸਿੰਘ, ਲੁਧਿਆਣਾ, ਪੰਜਾਬ (ਭਾਰਤ)-141003, 5. ਮਨਜੀਤ ਕੌਰ, ਮਕਾਨ ਨੰ. 214, ਮਿਲਰਗੰਜ, ਗਲੀ ਨੰ. 7, ਸਾਹਿਬਜ਼ਾਦਾ ਫਤਿਹ ਸਿੰਘ, ਲੁਧਿਆਣਾ, ਪੰਜਾਬ (ਭਾਰਤ)-141003,6. ਸੁਖਵਿੰਦਰ ਸਿੰਘ, ਮਕਾਨ ਨੰ. 214, ਮਿਲਰਗੰਜ, ਗਲੀ ਨੰ. 7, ਸਾਹਿਬਜ਼ਾਦਾ ਫਤਿਹ ਸਿੰਘ, ਲੁਧਿਆਣਾ, ਪੰਜਾਬ (ਭਾਰਤ)-141003, 7. ਮਨਜੀਤ ਕੌਰ ਮਾਰਫਤ ਜੀ.ਐਸ. ਇੰਟਰਪ੍ਰਾਈਜ਼ਿਜ਼, 458/4, ਗੁਰੂ ਤੇਗ ਬਹਾਦਰ ਨਗਰ ਸੂਆ ਰੋਡ, ਗਿਆਸਪੁਰਾ, ਲੁਧਿਆਣਾ, ਪੰਜਾਬ 141001 ਲੋਨ ਖਾਤਾ ਨੰ : LNLUD0HL-07210095280 & LNLUD0HL-07210095279	08.02.2026	12-02-2026	ਰੁ : 14,15,671/- (ਚੌਦਾਂ ਲੱਖ ਪੰਦਰਾਂ ਹਜ਼ਾਰ ਛੇ ਸੌ ਇਕੱਹਤਰ ਰੁ. ਸਿਰਫ਼) ਬਕਾਇਆ ਮੂਲ, ਏਰੀਆ ਦੇ ਤਰੀਕੇ ਨਾਲ (ਸਮੇਤ ਲਾਗੂ ਲੇਟ ਖਰਚੇ) ਅਤੇ ਵਿਆਜ 12.02.2026 ਤੱਕ
	ਅਚੱਲ ਜਾਇਦਾਦ ਦਾ ਵੇਰਵਾ (ਗਿਰਵੀ ਜਾਇਦਾਦ) : ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਮਕਾਨ ਨੰ. 352/4 ਮਿਣਤੀ 66.66 ਵ. ਗਜ ਜੋ ਸ਼ਾਮਲ ਹੈ ਵਿਚ ਖਸਰਾ ਨੰ. 315, ਸਥਿਤ ਹੈ ਪਿੰਡ 'ਡਾਬਾ' ਜੋ ਜਾਣਿਆ ਜਾਂਦਾ ਹੈ 'ਫਤਿਹ ਸਿੰਘ ਨਗਰ' ਵਜੋਂ ਗਲੀ . 19, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ 141003 ਵਿਖੇ ਜਾਇਦਾਦ ਸਬੰਧਤ ਹੈ ਬਲਵਿੰਦਰ ਸਿੰਘ ਅਤੇ ਮਨਜੀਤ ਕੌਰ ਨਾਲ ਸੇਲ ਡੀਡ ਅਨੁਸਾਰ ਜਾਇਦਾਦ ਦੀਆਂ ਹੱਦਾਂ : ਪੂਰਬ : ਮਕਾਨ ਨੰ. 528/5 ਸਾਬੂਦੀਨ, 40'0", ਉਤਰ : ਗਲੀ, 15'0", ਪੱਛਮ ; ਮਕਾਨ ਨੰ. 528/3, 400", ਦੱਖਣ : ਗੁਆਂਢੀ, 15'0"			

ਸਾਡੇ ਵੱਲੋਂ ਕਰਜ਼ਦਾਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਨੋਟਿਸ ਦੀ ਪ੍ਰਕਾਸ਼ਨਾਂ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਸਮੇਤ ਅਗਾਊਂ ਵਿਆਜ, ਇਸ 'ਤੇ ਲਾਗਤਾਂ, ਖਰਚੇ ਅਤੇ ਹੋਰ ਖਰਚਿਆਂ ਸਮੇਤ ਜਮਾਂ ਕਰਾਉਣ ਲਈ ਕਿਹਾ ਜਾਂਦਾ ਹੈ ਇਸ ਤੋਂ ਅਸਫ਼ਲ ਰਹਿਣ 'ਤੇ ਗਿਰਵੀ ਰੱਖੀ ਗਈ ਜਾਇਦਾਦ ਦਾ ਕਬਜ਼ਾ ਕਰ ਲਿਆ ਜਾਵੇਗਾ ਅਤੇ ਗਿਰਵੀ ਜਾਇਦਾਦਾਂ ਦੀ ਵਿਕਰੀ ਕੀਤੀ ਜਾਵੇਗੀ ਜਿਸਦੀ ਜਿੰਮੇਵਾਰੀ ਤੁਹਾਡੀ ਹੋਵੇਗੀ।
ਕਿਰਪਾ ਕਰਕੇ ਨੋਟ ਕਰੋ ਕਿ ਸਰਫਾਇਸੀ ਐਕਟ ਦੇ ਸੈਕਸ਼ਨ 13(13) ਅਧੀਨ ਤੁਸੀਂ ਦੱਸੇ ਗਏ ਉਪਰੋਕਤ ਸਕਿਉਰਡ ਐਸੇਟ ਨੂੰ ਬੈਂਕ ਦੀ ਲਿਖਤੀ ਇਜਾਜ਼ਤ ਤੋਂ ਬਗੈਰ ਵਿਕਰੀ, ਕਿਰਾਏ ਜਾਂ ਕਿਸੇ ਹੋਰ ਤਰ੍ਹਾਂ ਤਬਦੀਲ ਨਹੀਂ ਕਰ ਸਕਦੇ। ਤੁਹਾਡੇ ਵੱਲੋਂ ਕੀਤੀ ਗਈ ਉਕਤ ਧਾਰਾ ਦੀ ਕੋਈ ਵੀ ਉਲੰਘਣਾ ਸਰਫਾਇਸੀ ਐਕਟ ਦੀ ਧਾਰਾ 29 ਅਤੇ /ਜਾਂ ਇਸ ਸਬੰਧ ਵਿੱਚ ਕਿਸੇ ਹੋਰ ਕਾਨੂੰਨੀ ਉਪਬੰਧ ਦੇ ਤਹਿਤ ਨਿਰਧਾਰਤ ਸਜ਼ਾ ਉਪਬੰਧਾਂ ਨੂੰ ਲਾਗੂ ਕਰੇਗੀ।
ਕ੍ਰਿਪਾ ਕਰਕੇ ਨੋਟ ਕਰੋ ਕਿ ਐਕਟ ਦੇ ਸੈਕਸ਼ਨ 13(8) ਅਨੁਸਾਰ, ਜੇਕਰ ਏਬੀਐਚਐਫਐਲ ਦੇ ਬਕਾਏ ਸਮੇਤ ਲਾਗਤਾਂ, ਖਰਚੇ ਅਤੇ ਏਬੀਐਚਐਫਐਲ ਦੇ ਹੋਰ ਖਰਚੇ, ਵਿਕਰੀ ਜਾਂ ਟਰਾਂਸਫਰ ਦੀ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਏਬੀਐਚਐਫਐਲ ਨੂੰ ਅਦਾ ਕੀਤੀ ਜਾਂਦੀ ਹੈ ਤਾਂ ਏਬੀਐਚਐਫਐਲ ਵੱਲੋਂ ਗਿਰਵੀ ਜਾਇਦਾਦ ਨੂੰ ਨਾ ਵੇਚਿਆ ਅਤੇ ਨਾ ਹੀ ਟਰਾਂਸਫਰ ਕੀਤਾ ਜਾਵੇਗਾ ਅਤੇ ਨਾ ਹੀ ਏਬੀਐਚਐਫਐਲ ਵੱਲੋਂ ਕੋਈ ਕਦਮ ਚੁੱਕਿਆ ਜਾਵੇਗਾ ਜਾਂ ਗਿਰਵੀ ਜਾਇਦਾਦ ਨੂੰ ਟਰਾਂਸਫਰ ਜਾਂ ਵਿਕਰੀ ਕੀਤੀ ਜਾਵੇਗੀ।

ਮਿਤੀ : 18-02-2026 ਸਹੀ/- ਅਧਿਕਾਰਤ ਅਫ਼ਸਰ
ਸਥਾਨ : ਪੰਜਾਬ (ਅਦਿੱਤਿਆ ਬਿਰਲਾ ਹਾਊਸਿੰਗ ਫਾਈਨਾਂਸ ਲਿਮਟਿਡ)

pnb Housing Finance Limited — Ghar Ki Baat

ਅਪੈਂਡਿਕਸ IV-A-ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ
ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਅਸੈੱਟਸ ਐਂਡ ਇਨਫਾਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ

ਰਜਿ: ਦਫਤਰ: ਨੌਵੀਂ ਮੰਜਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com
ਜਲੰਧਰ ਬਰਾਂਚ : ਪੀਐਨਬੀ ਹਾਊਸਿੰਗ ਫਾਈਨੈਂਸ ਲਿਮ. ਐਸਸੀਓ 44, ਦੂਜੀ ਮੰਜ਼ਿਲ ਪੁੱਡਾ ਕੰਪਲੈਕਸ, ਜਲੰਧਰ-144001, ਪੰਜਾਬ

ਆਮ ਜਨਤਾ ਅਤੇ ਖਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਨ/ਚਾਰਜਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਅਤੇ 'ਜੋ ਵੀ ਉੱਥੇ ਹੈ ਦੇ' ਆਧਾਰ 'ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ 'ਏ' ਵਿਚ ਦਿੱਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਉਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸੌਂਧੇ ਗਏ ਹਨ। ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ., ਕਰਜ਼ਦਾਰ/ਸਹਿ ਕਰਜ਼ਦਾਰ/ ਗਰੰਟਰ(ਾਂ)/ਕਾਨੂੰਨੀ ਵਾਰਸਾਂ ਦਾ ਨਾਮ (A)	ਮੰਗੀ ਗਈ ਰਕਮ ਅਤੇ ਮਿਤੀ (B)	ਕਬਜ਼ੇ ਦੀ ਕਿਸਮ (C)	ਗਿਰਵੀ ਜਾਇਦਾਦਾਂ ਦਾ ਵੇਰਵਾ (D)	ਰਾਖਵੀਂ ਕੀਮਤ (ਆਰ.ਪੀ.)(E)	ਈਐਮਡੀ (ਰਾਖਵੀਂ ਕੀਮਤ ਦਾ 10%) (F)	ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ (G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ (J)	ਕੋਈ ਝੰਜਟ/ਕੋਰਟ ਕੇਸ ਜੇ ਹੋਵੇ ਤਾਂ (K)
HOU/JAL/0915/240680, ਬਰਾਂਚ ਦਫਤਰ : ਜਲੰਧਰ, ਮਦਨ ਲਾਲ ਜੰਗਵਾਲ, ਸ੍ਰੀ ਰਾਜ ਰਾਣੀ	ਰੁ. 3740679.48 17.12.2021 ਨੂੰ	ਭੌਤਿਕ ਕਬਜ਼ਾ	ਮਕਾਨ ਨੰ. 12, ਗਲੀ ਨੰ. 3, ਨਿਊ ਰਸੀਲਾ ਨਗਰ, ਫੇਸ 2, ਬਸਤੀ ਦਾਨਿਸ਼ਮੰਦਾ, ਜਲੰਧਰ-1, ਜਲੰਧਰ, ਪੰਜਾਬ 144001, ਵਿੱਚ ਸ਼ਾਮਲ ਖਾਤਾ ਨੰ. 389/412, 390/413, 391/414, ਖਸਰਾ ਨੰ. 802, 806/1, 817, 1362/818, 1644/1363, 1645/1363, 1646/1363, 819, 820, 821, 804, 806, 803, ਜਮਾਂਬੰਦੀ ਸਾਲ 2011-2012, ਹੱਦਬਸਤ ਨੰ. 312, ਰਕਬਾ 3 ਮਰਲੇ 90 ਮੁਰੱਬਾ ਫੁੱਟ, (711 ਮੁਰੱਬਾ ਫੁੱਟ, ਮਰਲਾ ਮਿਣਤੀ 207 ਮੁਰੱਬਾ ਫੁੱਟ ਸੇਲ ਡੀਡ ਵਸੀਕਾ ਨੰ. 3949 ਮਿਤੀ 30.09.2015 ਮਦਨ ਲਾਲ ਦੇ ਪੱਖ ਵਿੱਚ ਹੱਦਾਂ: ਪੂਰਬ: 41'-6", ਸੁਰਜੀਤ ਕੌਰ, ਪੱਛਮ: 42'-3" ਸੁਖਵਿੰਦਰ ਕੌਰ ਹੋਰ, ਉਤਰ: 17'-0", ਗਲੀ, ਦੱਖਣ: 17'-0" ਸੁਨਿਆਰਾ ਮਕਾਨ	ਰੁ. 2409000	ਰੁ. 240900	09-03-2026	ਰੁ. 10,000	03.03.2026 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ	10.03.2026 ਨੂੰ ਬਾ.ਦੁ. 02.00 ਵਜੇ ਤੋਂ ਬਾ.ਦੁ. 3.00 ਵਜੇ	ਪਤਾ ਨਹੀਂ

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਉਰਡ ਐਸੇਟਸ 'ਤੇ ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ 'ਕੇ' ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖ਼ਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖ਼ੁਦ ਤਸੱਲੀ ਕਰ ਲੈਣ।
1. ਮਿਤੀ ਅਨੁਸਾਰ, ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ ਅਤੇ ਸਟੇਟਸ ਕਾਲਮ ਨੰ.-ਕੇ ਵਿਚ ਦਰਸਾਇਆ ਗਿਆ ਹੈ। 2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ 'ਤੇ ਕਾਰਵਾਈ/ਪਾਸ ਹੁਕਮਾਂਆਦਿ ਵਿਚ ਜੇ ਕੋਈ ਹੈ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ 'ਕੇ' ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜ਼ਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ 'ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ 'ਤੇ ਹਸਤਾਖਰ ਕਰਨੇ ਪੈਂਦੇ ਹਨ। 3. ਕਿਰਪਾ ਕਰਕੇ ਨੋਟ ਕਰੋ ਕਿ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੋਂਡ ਦੇ ਰੂਪ ਵਿਚ ਉਸੇ ਦਿਨ (ਸਮੇਤ ਬਿਆਨਾਂ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ ਜਮਾਂ ਕਰਾਉਣਾ ਹੋਵੇਗਾ ਬੋਲੀਕਾਰ ਦੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਵਿਕਰੀ ਰਕਮ ਦਾ 25% ਪ੍ਰਾਪਤ ਹੋਣ ਪਿਛੋਂ ਸਕਿਓਰਡ ਕ੍ਰੈਡੀਟਰ ਵਲੋਂ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(2) ਤਹਿਤ ਕੀਤੀ ਜਾਵੇਗੀ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਉਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ। 4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ਼ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਤੁਸੀਂ ਅਸ਼ੀਸ਼ ਕੁਮਾਰ ਸ਼ਰਮਾ, ਨਾਲ ਟੋਲ ਫ੍ਰੀ ਨੰਬਰ : 1800 120 8800, auction@pnbhousing.com, ਅਧਿਕਾਰਤ ਅਫ਼ਸਰ ਪੀਐਨਬੀਐਚਐਫਐਲ ਨਾਲ ਸੰਪਰਕ ਕਰੋ ਜਾਂ www.pnbhousing.com ਦਾ ਹਵਾਲਾ ਲਓ।

ਸਥਾਨ : ਜਲੰਧਰ, ਮਿਤੀ : 18.02.2026 ਸਹੀ/- ਅਧਿਕਾਰਤ ਅਫ਼ਸਰ, ਮੈਸ. ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ